# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ ਨਗਰ

## (ਸੇਵਾਵਾਂ-1 ਸ਼ਾਖਾ)

ਵੱਲ,

ਰਾਜ ਦੇ ਸਮੂਹ ਜਿਲ੍ਹਾ ਸਿਖਿਆ ਅਫਸਰਾਂ (ਸੈ.ਸਿ, ਐ.ਸਿ),
ਪੰਜਾਬ।

ਮੀਮੋ ਨੰ:14/13-17ਸੇ1(2)/1660ਸੇ
ਮਿਤੀ: 24/6/19

ਵਿਸ਼ਾ:- ਸਿੱਖਿਆ ਵਿਭਾਗ ਵਿਚ ਕੰਮ ਕਰ ਰਹੇ ਅਧਿਕਾਰੀਆਂ/ ਕਰਮਚਾਰੀਆ ਵਿਰੁੱਧ ਚੱਲ ਰਹੇ ਅਨੁਸ਼ਾਸਨੀ ਕਾਰਵਾਈ ਦੇ ਕੇਸਾਂ ਦਾ ਸ਼ੀਘਰ ਨਿਪਟਾਰਾ ਕਰਨ ਲਈ ਬਣਾਏ ਪੜਤਾਲੀਆ ਅਫਸਰਾਂ ਦੇ ਪੈਨਲ ਨੂੰ ਮਿਤੀ 25.06.19 ਨੂੰ ਮੁੱਖ ਦਫਤਰ ਵਿਖੇ ਟ੍ਰੇਨਿੰਗ ਦੇਣ ਸਬੰਧੀ।

ਹਵਾਲਾ: ਇਸ ਦਫਤਰ ਦੇ ਮੀਮੋ ਨੰ. 14/13-17ਸੇ1(2)/1601ਸੇ1 ਮਿਤੀ 18.06.19 ਦੇ ਸਬੰਧ ਵਿੱਚ।

ਹਵਾਲਾ ਅਧੀਨ ਪੱਤਰ ਰਾਹੀਂ ਸਿੱਖਿਆ ਵਿਭਾਗ ਵਿਚ ਕੰਮ ਕਰ ਰਹੇ ਅਧਿਕਾਰੀਆਂ/ ਕਰਮਚਾਰੀਆ ਵਿਰੁੱਧ ਚੱਲ ਰਹੇ ਅਨੁਸ਼ਾਸਨੀ ਕਾਰਵਾਈ ਦੇ ਕੇਸਾਂ ਵਿਚ ਨਿਯਮਤ ਵਿਭਾਗੀ ਪੜਤਾਲਾਂ ਲਈ ਸਕੂਲ ਪ੍ਰਿੰਸੀਪਲਾਂ ਦਾ ਪੜਤਾਲੀਆ ਅਫਸਰਾਂ ਦਾ ਜੋ ਪੈਨਲ ਤਿਆਰ ਕੀਤਾ ਗਿਆ ਸੀ। ਇਹਨਾਂ ਅਧਿਕਾਰੀਆਂ ਨੂੰ ਦਫਤਰ ਡਾਇਰੈਕਟਰ ਡੀ.ਜੀ.ਐਸ.ਈ. ਵਿਖੇ ਕਾਨਫਰੈਂਸ ਹਾਲ ਵਿੱਚ ਟ੍ਰੇਨਿੰਗ ਦੇਣ ਲਈ ਹੇਠਾਂ ਦਰਸਾਏ ਜਿਲ੍ਹਿਆਂ ਦੇ ਅਧਿਕਾਰੀਆਂ ਨੂੰ ਮਿਤੀ 25.06.2019 ਨੂੰ ਸਵੇਰੇ 11:00 ਵਜੇ ਬੁਲਾਇਆ ਗਿਆ ਸੀ।

ਹੇਠਾਂ ਦਰਸਾਏ ਜਿਲ੍ਹਿਆ ਦੇ ਅਧਿਕਾਰੀਆਂ ਨੂੰ ਮਿਤੀ 25.06.2019 ਨੂੰ ਦਿੱਤੀ ਜਾਣ ਵਾਲੀ ਟ੍ਰੇਨਿੰਗ ਅਗਲੇ ਹੁਕਮਾਂ ਤੱਕ ਮੁਅਲਤਵੀ ਕੀਤੀ ਜਾਂਦੀ ਹੈ ਅਤੇ ਟ੍ਰੇਨਿੰਗ ਦੀ ਅਗਲੀ ਮਿਤੀ ਬਾਰੇ ਸ਼ੀਘਰ ਹੀ ਸੂਚਿਤ ਕਰ ਦਿੱਤਾ ਜਾਵੇਗਾ। ਸਬੰਧਤ ਜਿਲਾ ਸਿੱਖਿਆ ਅਫਸਰ ਆਪਣੇ ਅਧੀਨ ਆਉਂਦੇ ਅਧਿਕਾਰੀਆਂ ਨੂੰ ਨੋਟ ਕਰਵਾ ਦੇਣ :-

| ਲੜੀ ਨੰ. | ਜਿਲ੍ਹਾ |
|---|---|
| 1 | ਲੁਧਿਆਣਾ, ਜਲੰਧਰ, ਮੋਗਾ, ਸ.ਅ.ਸ.ਨਗਰ, ਪਠਾਨਕੋਟ, ਮਾਨਸਾ, ਸੰਗਰੂਰ, ਸਹਿਦ ਭਗਤ ਸਿੰਘ ਨਗਰ, ਤਰਨ ਤਾਰਨ, ਫਤਿਹਗੜ੍ਹ ਸਾਹਿਬ, ਫਾਜਿਲਕਾ, ਕਪੂਰਥਲਾ |

ਸਹਾਇਕ ਰਜਿਸਟਰਾਰ

ਪਿੱਠ ਅੰਕਣ ਨੰ:ਉਕਤ ਮਿਤੀ,ਐਸ.ਏ.ਐਸ ਨਗਰ:

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ. ਏ. ਟੂ ਡੀ.ਪੀ.ਆਈ.(ਸੈਸਿ) ਪੰਜਾਬ, ਐਸ.ਏ.ਐਸ ਨਗਰ।
3. ਪੀ.ਏ. ਟੂ ਡਿਪਟੀ ਡਾਇਰੈਕਟਰ (ਪ੍ਰਸ਼ਾਸਨ)।

ਸਹਾਇਕ ਰਜਿਸਟਰਾਰ